## ਮਾਡਲ ਪ੍ਰਸ਼ਨ ਪੱਤਰ

## ਜਮਾਤ : ਦੱਸਵੀਂ

## ਵਿਸ਼ਾ : ਪੰਜਾਬੀ

**ਕੋਡ : 037** **ਸੈਸ਼ਨ : 2026-27**

**ਸਮਾਂ : ਤਿੰਨ ਘੰਟੇ** **ਕੁੱਲ ਅੰਕ : 80**

**ਪੇਪਰ : ਸਾਲਾਨਾ**

ਨੋਟ : 1. ਸਾਰੇ ਪ੍ਰਸ਼ਨ ਜਰੂਰੀ ਹਨ

2. ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।

**ਭਾਗ - (ੳ)**

**1. A.ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ -**

ਗੁਰੂ ਗੋਬਿੰਦ ਸਿੰਘ ਜੀ ਮਾਨਵਤਾ ਦੇ ਆਸ਼ਕ ਸਨ। ਉਨ੍ਹਾਂ ਦਾ ਸੰਘਰਸ਼ ਕਿਸੇ ਜਾਤੀ ਸੰਪ੍ਰਦਾਇ ਵਿਰੁੱਧ ਨਹੀਂ ਸੀ। ਉਨ੍ਹਾਂ ਜਿੱਥੇ ਵੀ ਜ਼ੁਲਮ ਦੇਖਿਆ, ਉਸ ਨੂੰ ਲਲਕਾਰਿਆ ਤੇ ਉਨ੍ਹਾਂ ਦੇ ਸੇਵਕਾਂ ਵਿਚ ਹਰ ਧਰਮ ਨੂੰ ਮੰਨਣ ਵਾਲੇ ਸਨ। ਨਬੀ ਖਾਂ, ਗਨੀ ਖਾਂ, ਛੁੱਟ ਉਹ ਪਠਾਣ, ਜਿਸ ਨੇ ਉਨ੍ਹਾਂ ਤੇ ਕਾਤਲਾਨਾ ਹਮਲਾ ਕੀਤਾ, ਮੁਸਲਮਾਨ ਸਨ। ਉਨ੍ਹਾਂ ਛੋਟੀ ਜਿਹੀ ਉਮਰ ਵਿਚ ਆਪਣੀ ਬਹੁ-ਪੱਖੀ ਪ੍ਰਤਿਭਾ ਨਾਲ ਜੀਵਨ ਨੂੰ ਪ੍ਰਭਾਵਿਤ ਕੀਤਾ। ਉਹ ਸੰਤ-ਸਿਪਾਹੀ ਸਨ। ਉਨ੍ਹਾਂ ਦਾ ਸਾਹਿਤ ਪ੍ਰੇਮ ਅਦੁੱਤੀ ਸੀ। ਉਨ੍ਹਾਂ ਦੇ ਦਰਬਾਰ ਵਿਚ ਕਹਿੰਦੇ ਹਨ, ਬਵੰਜਾ ਕਵੀ ਹੁੰਦੇ ਸਨ, ਜਿਨ੍ਹਾਂ ਨੂੰ ਸਾਹਿਤ ਲਈ ਉਹ ਉਤਸ਼ਾਹਿਤ ਕਰਦੇ ਸਨ। ਆਪ ਜੀ ਦੇ ਦਰਬਾਰੀ ਕਵੀਆਂ ਦਾ ਰਚਿਆ ਮਣਾਂ-ਮੂੰਹੀ ਸਾਹਿਤ ਘਲੂਘਾਰਿਆਂ ਦੀ ਭੇਟ ਹੋ ਗਿਆ ਜਾਪਦਾ ਹੈ। ਗੁਰੂ ਜੀ ਦੀਆਂ ਆਪਣੀਆਂ ਰਚਨਾਵਾਂ ਵਿਚੋਂ 'ਜ਼ਫ਼ਰਨਾਮਾ', 'ਜਾਪੁ ਸਾਹਿਬ', 'ਅਕਾਲ ਉਸਤਤ', 'ਚੰਡੀ ਚਰਿੱਤਰ', 'ਦਸਮ ਗ੍ਰੰਥ', 'ਚੰਡੀ ਦੀ ਵਾਰ' ਆਦਿ ਬਹੁਤ ਪ੍ਰਸਿੱਧ ਹਨ।

(i) ਗੁਰੂ ਗੋਬਿੰਦ ਸਿੰਘ ਜੀ ਦਾ ਸੰਘਰਸ਼ ਕਿਵੇਂ ਦਾ ਸੀ? 2

(ii) ਗੁਰੂ ਗੋਬਿੰਦ ਸਿੰਘ ਜੀ ਦੇ ਉੱਪਰ ਕਿੰਨ੍ਹਾਂ ਨੇ ਹਮਲਾ ਕੀਤਾ? 2

(iii) ਉਨ੍ਹਾਂ ਦੀਆਂ ਕਿਹੜੀਆਂ-ਕਿਹੜੀਆਂ ਰਚਨਾਵਾਂ ਹਨ? 2

(iv) ਇਸ ਪੈਰ੍ਹੇ ਦਾ ਸਿਰਲੇਖ ਲਿਖੋ। 1

2. ਸ਼ੁੱਧ ਰਹੀ ਨਾ ਧਰਤੀ ਸਾਡੀ, ਸ਼ੁੱਧ ਰਿਹਾ ਨਾ ਹੁਣ ਅਸਮਾਨ।

ਵਾਤਾਵਰਨ 'ਚ ਗੰਦਗੀ ਭਰ ਕੇ, ਓਜ਼ੋਨ ਪਰਤ ਦਾ ਕੀਤਾ ਘਾਣ।

ਆਕਸੀਜਨ ਦੱਸੋ ਕਿਥੋਂ ਆਊ, ਜੇ ਧਰਮੀ 'ਤੇ ਰੁੱਖ ਰਹੇ ਨਾ।

ਵਧਦੀ ਵੱਸੋ ਕਾਰਨ ਹੁਣ ਤਾਂ, ਰੁੱਖਾਂ ਦੀ ਵੀ ਮੁੱਠ 'ਚ ਜਾਨ।

(i) ਸਾਡੀ ਧਰਤੀ ਤੇ ਅਸਮਾਨ ਸ਼ੁੱਧ ਕਿਉਂ ਨਹੀਂ ਰਹੇ? 1

(ii) ਗੰਦਗੀ ਨੇ ਕਿਸ ਦਾ ਘਾਣ ਕੀਤਾ ਹੈ? 1

(iii) ਆਕਸੀਜਨ ਕਿੱਥੋਂ ਪ੍ਰਾਪਤ ਹੁੰਦੀ ਹੈ? 1

**3. ਸਮਾਸੀ ਸ਼ਬਦ (ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿਚੋਂ ਕਿਸੇ ਤਿੰਨ ਦੇ ਉੱਤਰ ਦਿਓ) - 1x3=3**

(i) ਵਿਰੋਧਾਰਥਕ ਸ਼ਬਦਾਂ ਤੋਂ ਬਣਿਆ ਸਮਾਸ ਕਿਹੜਾ ਹੈ?

(A) ਕੌੜਾ-ਜ਼ਹਿਰ (B) ਸ਼ੁੱਧ-ਅਸ਼ੁੱਧ

(C) ਵੇਦ-ਪੁਰਾਣ (D) ਸ਼ੋਰ-ਸ਼ਰਾਬਾ

(ii) ਭਿੰਨ-ਭਿੰਨ ਅਰਥਾਂ ਤੋਂ ਬਣਿਆ ਸਮਾਸ ਕਿਹੜਾ ਹੈ?

(A) ਧੀ-ਪੁੱਤ (B) ਸੁੱਖ-ਆਰਾਮ

(C) ਚੁੱਪ-ਚਪੀਤਾ (D) ਕਿਰਤ-ਕਮਾਈ

(iii) ਦੁਹਰਾਵੇਂ ਸ਼ਬਦਾਂ ਦੇ ਸੁਮੇਲ ਨਾਲ ਬਣਿਆ ਸਮਾਸ ਕਿਹੜਾ ਹੈ?

(A) ਇੱਕ-ਇਕ (B) ਗਰੀਬ-ਮਾਰ

(C) ਰੋਗ-ਮੁਕਤ (D) ਅੰਨ-ਪਾਣੀ

(iv) 'ਰਾਤੋ-ਰਾਤ' ਸਮਾਸੀ ਸ਼ਬਦ ਲਈ ਠੀਕ ਸ਼ਬਦ ਸਮੂਹ ਚੁਣੋ :

(A) ਰਾਤ (B) ਰਾਤ ਤੋਂ ਬਾਅਦ

(C) ਰਾਤ ਤੋਂ ਪਹਿਲਾਂ (D) ਰਾਤ ਹੀ ਰਾਤ ਵਿੱਚ

**4. ਬਹੁ-ਅਰਥਕ (ਪੁੱਛੇ ਗਏ ਪ੍ਰਸ਼ਨਾਂ ਵਿਚੋਂ ਕਿਸੇ ਤਿੰਨ ਨੂੰ ਹੱਲ ਕਰੋ) - 1x3=3**

(i) ਹੇਠ ਲਿਖੇ ਵਾਕ ਵਿਚਲੀਆਂ ਖਾਲੀ ਥਾਵਾਂ ਭਰਨ ਲਈ ਢੁਕਵਾਂ ਬਹੁ-ਅਰਥਕ ਸ਼ਬਦ ਚੁਣੋ :

ਲਾਲ ਸਿੰਘ ਤੇ ਦਿਆਲ ਸਿੰਘ ਸਾਂਝੀ ...................... 'ਤੇ ਖੜ੍ਹੇ ਸਨ। ਫ਼ਸਲ ਵੱਲ ਵੇਖ ਕੇ ਦਿਆਲ ਸਿੰਘ ਦੇ ਮੱਥੇ ..............ਪਾ ਲਏ। ਲਾਲ ਸਿੰਘ ਬੋਲਿਆ ਅੱਜ ਬਹੁਤ ................ਹੈ, ਲੱਗਦਾ ਮੀਂਹ ਆਵੇਗਾ। ਮੈਂ ਪਿਛਲੇ ਮਹੀਨੈ ਘਰੇ ਕਿਹਾ ਵੀ ਸੀ ਕਿ ਸੇਵੀਆਂ ................... ਲਓ, ਮੀਂਹ ਸਮੇਂ ਅਰਾਮ ਨਾਲ ਖ਼ਾਵਾਂਗੇ।

(A) ਲੜ (B) ਧਾਰ

(C) ਵੱਟ (D) ਝੱਖੜ

(ii) ਹੇਠ ਲਿਖਿਆ ਵਿਚੋਂ ਕਿਹੜਾ ਸ਼ਬਦ 'ਵਾਰ' ਸ਼ਬਦ ਦਾ ਬਹੁ-ਅਰਥਕ ਨਹੀਂ ਹੈ?

(A) ਵਾਰੀ (B) ਹਮਲਾ

(C) ਦਿਨ (D) ਤਰੀਕਾ

(iii) 'ਆਦਰ' ਸ਼ਬਦ ਦਾ ਇਕ ਅਰਥ 'ਇੱਜਤ' ਹੈ ਦੂਜਾ ਅਰਥ ਹੈ :

(A) ਸਤਿਕਾਰ (B) ਬਿਪਤਾ

(C) ਵਾਇਦਾ (D) ਸ਼ਬਦ

(iv) 'ਹੁਸ਼ਿਆਰ' ਸ਼ਬਦ ਦੇ ਹੋਰ ਕੀ-ਕੀ ਅਰਥ ਹੋ ਸਕਦੇ ਹਨ? ਸਹੀ ਵਿਕਲਪ ਦੀ ਚੋਣ ਕਰੋ –

(A) ਗਹਿਣਾ, ਨਾਕਾਮਯਾਬੀ, ਮਾਲਾ (B) ਚੌਥਾ ਹਿੱਸਾ, ਚਾਰ ਉਂਗਲ਼ਾਂ

(C) ਦਾਨ, ਕਮਾਈ (D) ਇਨ੍ਹਾਂ ਵਿਚੋਂ ਕੋਈ ਨਹੀਂ

**5. ਕਿਰਿਆ ਵਿਸ਼ੇਸ਼ਣ (ਪੁੱਛੇ ਗਏ ਪ੍ਰਸ਼ਨਾਂ ਵਿਚੋਂ ਕੋਈ ਤਿੰਨ ਹਲ ਕਰੋ) -** **1x3=3**

(i) ਕਿਰਿਆ-ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ii) 'ਸਾਨੂੰ ਬਹੁਤਾ ਬੋਲਣਾ ਨਹੀਂ ਚਾਹੀਦਾ' ਵਿੱਚ ਕਿਹੜਾ ਕਿਰਿਆ-ਵਿਸ਼ੇਸ਼ਣ ਹੈ?

(iii) ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ ਕੀ ਕਿਹਾ ਜਾਂਦਾ ਹੈ?

(iv) 'ਉਹ ਸਵੇਰੇ ਪਹੁੰਚਿਆ' ਦਾ ਕਿਰਿਆ-ਵਿਸ਼ੇਸ਼ਣ ਦੱਸੋ।

6. (i) 'ਗੁਰ', 'ਲੋਕ' ਵਿਚੋਂ ਕਿਸੇ ਇਕ ਨੂੰ ਵਰਤ ਕੇ ਅਗੇਤਰ ਬਣਾਓ। **1**

(ii) 'ਕਾਰੀ' ਜਾਂ ਦਾਨ ਸ਼ਬਦ ਨੂੰ ਵਰਤ ਕੇ ਪਿਛੇਤਰ ਬਣਾਓ। **1**

7. ਹੇਠ ਲਿਖਿਆਂ ਵਿਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ :

(i) ਕੰਨਾਂ ਨੂੰ ਹੱਥ ਲਾਉਣਾ, (ii) ਘੁੱਲ਼ ਮਿਲ਼ ਕੇ ਰਹਿਣਾ, (iii) ਟਕੇ ਵਰਗਾ ਜੁਆਬ ਦੇਣਾ, (iv) ਧੇਲੇ ਦੀ ਅਕਲ ਨਾ ਹੋਣੀ, (v) ਭਾਣਾ ਮੰਨਣਾ, (vi) ਘਿਓ ਦੇ ਦੀਵੇ ਜਗਾਉਣਾ **1x4=4**

8. ਹੇਠ ਲਿਖਿਆਂ ਵਿਚੋਂ ਕਿਸੇ ਇਕ ਵਿਸ਼ੇ ਉੱਤੇ 150-200 ਸ਼ਬਦਾਂ ਦਾ ਲੇਖ ਲਿਖੋ - **5**

(i) ਸ੍ਰੀ ਗੁਰੂ ਨਾਨਕ ਦੇਵ ਜੀ

ਨੁਕਤੇ :- ਭੂਮਿਕਾ, ਜਨਮ ਅਤੇ ਬਚਪਨ, ਕਰਮ ਕਾਂਡਾਂ ਦਾ ਖੰਡਨ, ਸੱਚਾ ਸੌਦਾ, ਵੇਈ ਨਦੀ ਵਿਚ ਪ੍ਰਵੇਸ਼, ਗ੍ਰਹਿਸਤੀ ਜੀਵਨ, ਚਾਰ ਉਦਾਸੀਆਂ, ਨਿਡਰ ਦੇਸ਼ ਭਗਤ, ਮਹਾਨ ਸਾਹਿਤਕਾਰ।

(ii) ਸਮੇਂ ਦੀ ਕਦਰ

ਨੁਕਤੇ :- ਭੂਮਿਕਾ, ਪੱਛੜੇ ਰਹਿਣ ਦਾ ਕਾਰਨ, ਸਮੇਂ ਦਾ ਸਦਉਪਯੋਗ, ਸਮੇਂ ਦਾ ਪਾਬੰਦ ਹੋਣਾ, ਸਮਾਂ ਬਰਬਾਦ ਕਰਨ ਦੇ ਨੁਕਸਾਨ, ਸਾਰਾਂਸ਼।

(iii) ਨੌਜਵਾਨਾਂ ਵਿੱਚ ਵੱਧ ਰਹੀ ਨਸ਼ਿਆਂ ਦੀ ਵਰਤੋਂ :

ਨੁਕਤੇ :- ਭੂਮਿਕਾ, ਨਸ਼ਿਆਂ ਦਾ ਪਸਾਰ, ਨਸ਼ੇ ਦੀਆਂ ਕਿਸਮਾਂ, ਜਵਾਨੀ ਦਾ ਨਾਸ਼, ਨਸ਼ਿਆਂ ਦੇ ਕਾਰਨ, ਨਸ਼ਿਆਂ ਲਈ ਉਤਸ਼ਾਹ, ਹੋਰ ਨੁਕਸਾਨ, ਬਚਾਅ ਲਈ ਸੁਝਾਅ, ਸਾਰਾਂਸ਼।

**9. ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇਕ ਪੱਤਰ ਲਿਖੋ -** **5**

ਤੁਹਾਡੇ ਪਿਤਾ ਜੀ ਵਿਦੇਸ਼ ਗਏ ਹੋਏ ਹਨ। ਤੁਹਾਡੇ ਮਾਤਾ ਜੀ ਦੀ ਸਿਹਤ ਖ਼ਰਾਬ ਹੋ ਗਈ ਹੈ। ਪਿਤਾ ਜੀ ਨੂੰ ਜਲਦੀ ਘਰ ਪਰਤਣ ਲਈ ਚਿੱਠੀ ਲਿਖੋ।

ਨੁਕਤੇ :- ਮਾਤਾ ਜੀ ਦਾ ਬਿਮਾਰ ਹੋਣਾ, ਡਾਕਟਰ ਵੀ ਫਿਕਰਮੰਦ, ਸਾਰੇ ਉਦਾਸ ਤੇ ਪਰੇਸ਼ਾਨ, ਵਾਪਸ ਘਰ ਆਵੇ।

ਜਾਂ

ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਸੈਕਸ਼ਨ ਬਦਲਣ ਲਈ ਬਿਨੈ-ਪੱਤਰ ਲਿਖੋ।

ਨੁਕਤੇ :- ਭੈਣ-ਭਰਾ ਦਾ ਇਕੋ ਕਲਾਸ ਵਿਚ ਪੜ੍ਹਣਾ, ਸੈਕਸ਼ਨ ਵੱਖ-ਵੱਖ, ਪੜ੍ਹਾਈ ਵਿਚ ਹੁਸ਼ਿਆਰ, ਘਰ ਦੀ ਮਾੜੀ ਆਰਥਿਕਤਾ, ਪੁਸਤਕਾਂ ਦੇ ਇੱਕੋ ਸੈੱਟ, ਮਜ਼ਬੂਰੀ, ਇੱਕੋ ਸੈਕਸ਼ਨ ਵਿਚ ਕਰੋ।

**10. ਹੇਠਾਂ ਦਿੱਤੀ ਤਸਵੀਰ ਨੂੰ ਵੇਖ ਕੇ ਲਗਭਗ 50-60 ਸ਼ਬਦਾਂ ਵਿੱਚ ਇਸ ਦਾ ਵਰਣਨ ਕਰੋ।** **5**



**ਭਾਗ - (ਅ)**

**11. ਕਵਿਤਾ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਪ੍ਰਸ਼ਨਾਂ ਨੂੰ ਹੱਲ ਕਰੋ) -** **1x6=6**

(i) ਸ੍ਰੀ ਗੁਰੂ ਅਮਰਦਾਸ ਜੀ ਨੇ ਬਾਉਲੀ ਦਾ ਨਿਰਮਾਣ ਕਿਸ ਸਥਾਨ 'ਤੇ ਕਰਵਾਇਆ।

(A) ਸੁਲਤਾਨਪੁਰ ਲੋਧੀ ਵਿਖੇ (B) ਕਰਤਾਰਪੁਰ ਸਾਹਿਬ ਵਿਖੇ

(C) ਪਿੰਡ ਬਾਸਰਕੇ ਵਿਖੇ (D) ਗੋਇੰਦਵਾਲ ਸਾਹਿਬ ਵਿਖੇ

(ii) ਸਮਾਜ ਅਤੇ ਦੇਸ ਦਾ ਪਿਆਰ ਕਿੱਥੋਂ ਪੈਦਾ ਹੁੰਦਾ ਹੈ?

(A) ਸਮਾਜ ਦੇ ਪਿਆਰ ਤੋਂ (B) ਸੰਬੰਧੀਆਂ ਦੇ ਪਿਆਰ ਤੋਂ

(C) ਘਰ ਦੇ ਪਿਆਰ ਤੋਂ (D) ਕੌਮ ਦੇ ਪਿਆਰ ਤੋਂ

(iii) 'ਜੰਗ ਦਾ ਹਾਲ' ਕਿਸ ਦੀ ਰਚਨਾ ਹੈ?

(A) ਭਾਈ ਗੁਰਦਾਸ ਜੀ ਦੀ (B) ਸ਼ਾਹ ਮੁਹੰਮਦ ਦੀ

(C) ਸ੍ਰੀ ਗੁਰੂ ਅਰਜਨ ਦੇਵ ਜੀ ਦੀ (D) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ

(iv) ਪੁਰਾਣੇ ਜ਼ਮਾਨੇ ਵਿਚ ਪਹਿਲਵਾਨ ਢੋਲ ਵਾਲੇ ਨੂੰ ਨਾਲ ਲੈ ਕੇ ਕਿਹੜਾ ਝੰਡਾ ਫੜ੍ਹ ਕੇ ਚੜ੍ਹਦੇ ਸਨ?

(v) ਭਾਈ ਗੁਰਦਾਸ ਜੀ ਦੀ ਰਚਨਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸ਼ਾਮਲ ਹੈ ਜਾਂ ਨਹੀਂ?

(vi) ਕਿਸ ਨੇ ਜ਼ਹਿਰ ਦਾ ਪਿਆਲਾ ਸ਼ਰਬਤ ਵਾਂਗ ਪੀ ਲਿਆ ਸੀ?

**12. ਹੇਠ ਲਿਖੇ ਪ੍ਰਸ਼ਨਾਂ ਦੇਉਤਰ 20-25 ਸ਼ਬਦਾਂ ਵਿੱਚ ਲਿਖੋ -** **2x4=8**

(i) ਸੰਸਾਰ ਵਿੱਚ ਕਿਨਾਂ ਦੀ ਜੈ-ਜੈਕਾਰ ਹੁੰਦੀ ਹੈ?

(ii) ਲੇਖਕ (ਗੁਰਬਖ਼ਸ਼ ਸਿੰਘ) ਆਪਣੀ ਬੋਲੀ ਬਾਰੇ ਕੀ ਕਹਿੰਦਾ ਹੈ?

(iii) 'ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ' ਦਾ ਕੇਂਦਰੀ ਭਾਵ ਲਿਖੋ।

(iv) ਲੇਖਕ ਨੂੰ 'ਬਲੂੰਗੜਾ ਪਹਿਲਵਾਨ' ਕਿਸ ਪ੍ਰਸੰਗ ਵਿੱਚ ਕਿਹਾ ਗਿਆ ਹੈ?

**13. ਕਹਾਣੀ ਤੇ ਇਕਾਂਗੀ ਵਿਚੋਂ -** **1x6=6**

ਹੇਠ ਲਿਖੇ ਪ੍ਰਸ਼ਨਾਂ (ਬਹੁ ਵਿਕਲਪੀ/ਅਤਿ ਛੋਟੇ ਉੱਤਰ) ਨੂੰ ਹੱਲ ਕਰੋ :

(i) ਕਹਾਣੀਕਾਰ ਅਨੁਸਾਰ ਪੈਸੇ ਦੀ ਤੰਗੀ ਕਿਸ ਦੀ ਤੰਗੀ ਤੋਂ ਵੀ ਭੈੜੀ ਹੁੰਦੀ ਹੈ?

(A) ਜੇਲ੍ਹ ਦੀ (B) ਹਵਾਲਾਤ ਦੀ

(C) ਕੈਦ ਦੀ (D) ਗ਼ੁਲਾਮੀ ਦੀ

(ii) ਕੌਣ ਗੁਨਾਹਾਂ ਦੇ ਭਾਰ ਨਾਲ ਲੱਦਿਆ ਜਾਵੇਗਾ?

(A) ਔਰੰਗਜ਼ੇਬ (B) ਵਜ਼ੀਰ ਖਾਂ

(C) ਕਾਮ ਬਖ਼ਸ਼ (D) ਸੈਦ ਖਾਂ

(iii) ਮਨਜੀਤ ਅਤੇ ਨਿਹਾਲ ਕੌਰ ਦਾ ਆਪਸ ਵਿੱਚ ਕੀ ਰਿਸ਼ਤਾ ਹੈ?

(A) ਮਾਂ-ਧੀ ਦਾ (B) ਨਣਦ-ਭਰਜਾਈ ਦਾ

(C) ਨੌਂਹ-ਸੱਸ ਦਾ (D) ਚਾਚੀ-ਭਤੀਜੀ ਦਾ

(iv) ਅੰਗ-ਸੰਗ ਦਾ ਕੀ ਅਰਥ ਹੈ?

(v) ਕਰਮ ਸਿੰਘ ਦਾ ਪਿਤਾ ਕਿਥੋਂ ਦਾ ਜੰਮ-ਪਲ ਸੀ?

(vi) ‘ਦੂਜਾ-ਵਿਆਹ’ ਇਕਾਂਗੀ ਕਿਸ ਦਾ ਲਿਖਿਆ ਹੋਇਆ ਹੈ?

**14. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਲਿਖੋ - 2x4=8**

(i) ‘ਅੰਗ-ਸੰਗ’ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ?

(ii) ‘ਜਫ਼ਰਨਾਮੇ’ ਦਾ ਔਰੰਗਜ਼ੇਬ 'ਤੇ ਕੀ ਅਸਰ ਹੋਇਆ?

(iii) ਮਾਨ ਸਿੰਘ ਕੌਣ ਹੈ?

(iv) ਮਨਜੀਤ ਦਾ ਆਪਣੀ ਸੱਸ ਨਾਲ ਵਿਹਾਰ ਕਿਸ ਤਰ੍ਹਾਂ ਦਾ ਹੈ?

**15. ਹੇਠ ਲਿਖੇ ਵਿਚੋਂ ਕਿਸੇ ਇੱਕ ਕਾਵਿ-ਸਤਰਾਂ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ : 3**

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਜਾਂ

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਦਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਦਾ ਮੁੱਲ ਪਾਵੇ, ਜੋੜੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੀ।
ਘੋੜੇ ਆਦਮੀ ਗੋਲ਼ਿਆ ਨਾਲ ਉੱਡਣ, ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

16. ਹੇਠ ਲਿਖੇ ਗਏ ਕਿਸੇ ਇੱਕ ਪ੍ਰਸ਼ਨ ਦਾ ਉੱਤਰ 30-35 ਸ਼ਬਦਾਂ ਵਿਚ ਲਿਖੋ - **3**

ਮਨੁੱਖ ਦੇ ਆਚਰਨ ਨੂੰ ਬਣਾਉਣ ਵਿੱਚ ਘਰ ਦਾ ਕੀ ਯੋਗਦਾਨ ਹੈ?

ਜਾਂ

ਸਿੱਖ ਧਰਮ ਵਿੱਚ ਅਰਦਾਸ ਦੀ ਕੀ ਮਹੱਤਤਾ ਹੈ?

17. ਲੇਖਕ ਕਹਾਣੀ 'ਕੁਲਫ਼ੀ' ਵਿੱਚ ਕੀ ਸੰਦੇਸ਼ ਦੇਣਾ ਚਾਹੁੰਦਾ ਹੈ? **3**

ਜਾਂ

ਮਾਨ ਸਿੰਘ ਨੇ ਕਰਮ ਸਿੰਘ ਦੇ ਬਾਪੂ ਨੂੰ 'ਧਰਤੀ ਹੇਠਲਾ ਬਲ਼ਦ' ਕਿਉਂ ਕਿਹਾ?

18. ਔਰੰਗਜ਼ੇਬ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖਾਂ ਨਾਲ ਜਾਣ-ਪਛਾਣ ਕਰਵਾਓ। **3**

ਜਾਂ

'ਦੂਜਾ ਵਿਆਹ' ਇਕਾਂਗੀ ਵਿੱਚ ਪੇਸ਼ ਹੋਈ ਦੂਜੇ ਵਿਆਹ ਦੀ ਸਮੱਸਿਆ ਬਾਰੇ ਵਿਚਾਰ ਕਰੋ।